ਸੰਪਾਦਕੀ

# ਸੱਜਣ ਕੁਮਾਰ ਨੂੰ ਫਾਹੇ ਲਾਇਆ ਜਾਵੇ

ਨਵੰਬਰ 1984 ਵਿੱਚ ਦਿੱਲੀ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਸਿੱਖਾਂ ਦਾ ਕਤਲੇਆਮ ਭਾਰਤੀ ਲੋਕਤੰਤਰ, ਭਾਰਤੀ ਸੰਵਿਧਾਨ, ਭਾਰਤ ਦੀ ਨਿਆਂਪਾਲਿਕਾ, ਭਾਰਤ ਦੀਆਂ ਸਰਕਾਰਾਂ, ਕਾਂਗਰਸ ਅਤੇ ਰਾਜੀਵ ਗਾਂਧੀ ਦੇ ਮੱਥੇ 'ਤੇ ਕਾਲਾ ਧੱਬਾ ਹੈ। ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ, ਉੜੀਸਾ ਵਿੱਚ ਈਸਾਈਆਂ ਦਾ ਕਤਲੇਆਮ, ਬਾਬਰੀ ਮਸਜਿਦ ਦਾ ਢਾਹੁਣਾ ਅਤੇ ਸ੍ਰੀ ਦਰਬਾਰ ਸਾਹਿਬ ਉੱਪਰ ਫੌਜੀ ਹਮਲਾ ਭਾਰਤੀ ਲੋਕਤੰਤਰ ਦੇ ਮੱਥੇ ਉੱਪਰ ਕਾਲੇ ਕਲੰਕ ਹਨ। ਸਿੱਖਾਂ ਦਾ ਕਤਲੇਆਮ ਸਿੱਖਾਂ ਨਾਲ ਵਿਸ਼ਵਾਸਘਾਤ ਦੀ ਅਜਿਹੀ ਦੁਖਦਾਇਕ ਘਟਨਾ ਹੈ ਜਿਸ ਦਾ ਵਰਨਣ ਕਰਨਾ ਸੰਭਵ ਨਹੀਂ ਹੈ। 25 ਸਾਲਾਂ ਤੋਂ ਬਾਅਦ ਵੀ ਕਾਤਲ ਖੁੱਲ੍ਹੇ ਘੁੰਮ ਰਹੇ ਹਨ ਅਤੇ ਸਰਕਾਰੀ ਸਹੂਲਤ ਦਾ ਆਨੰਦ ਲੈ ਰਹੇ ਹਨ। ਸੱਜਣ ਕੁਮਾਰ ਸਿੱਖਾਂ ਦੇ ਕਾਤਲਾਂ ਵਿੱਚ ਉੱਘਾ ਨਾਮ ਹੈ। ਉਨ੍ਹਾਂ ਬਾਰੇ ਵੀ ਕਾਰਵਾਈ ਵਿੱਚ ਢਿੱਲ-ਮੱਠ ਵਰਤੀ ਜਾ ਰਹੀ ਹੈ। ਜਿਹੜਾ ਇਨਸਾਫ ਦੇਰੀ ਨਾਲ ਮਿਲੇ, ਉਸ ਇਨਸਾਫ ਦੀ ਕਦਰ ਘੱਟ ਜਾਂਦੀ ਹੈ। ਸੱਜਣ ਕੁਮਾਰ ਤੇ ਹੋਰ ਗੁੰਡਿਆਂ ਵੱਲੋਂ ਜੋ ਕਤਲੇਆਮ ਕੀਤਾ ਗਿਆ, ਉਸ ਨਾਲ ਸੰਬੰਧਤ ਪੀੜਤ ਪਰਿਵਾਰਾਂ ਦੇ ਬਹੁਤੇ ਜੀਅ ਇਨਸਾਫ ਉਡੀਕਦੇ-ਉਡੀਕਦੇ ਇਸ ਸੰਸਾਰ ਵਿੱਚੋਂ ਅਕਾਲ ਚਲਾਣਾ ਕਰ ਗਏ ਹਨ। 84 ਦੇ ਕਤਲੇਆਮ ਦਾ ਸੰਬੰਧ ਸਮੁੱਚੀ ਸਿੱਖ ਕੌਮ ਨਾਲ ਹੈ, ਕਿਉਂਕਿ ਪੀੜਤ ਪਰਿਵਾਰਾਂ ਦਾ ਕਤਲੇਆਮ ਦੇ ਕਾਰਨ ਉਨ੍ਹਾਂ ਦਾ ਸਿੱਖ ਹੋਣਾ ਹੀ ਸੀ। ਇਸ ਲਈ ਕਾਤਲਾਂ ਨੂੰ ਸਜ਼ਾ ਮਿਲਣ ਨਾਲ ਪੀਤੜ ਪਰਿਵਾਰਾਂ ਦੇ ਜੀਆਂ ਨੂੰ ਤਾਂ ਰਾਹਤ ਮਿਲੇਗੀ ਹੀ, ਇਸ ਦੇ ਨਾਲ-ਨਾਲ ਸਿੱਖ ਕੌਮ ਨੂੰ ਵੀ ਜ਼ਰੂਰ ਕੋਈ ਤਸੱਲੀ ਮਿਲੇਗੀ। ਸੱਜਣ ਕੁਮਾਰ ਦੇ ਕੇਸ ਦੇ ਸੰਬੰਧ ਵਿੱਚ ਫਾਸਟ ਟਰੈਕ ਅਦਾਲਤ ਕਾਇਮ ਹੋਣੀ ਚਾਹੀਦੀ ਹੈ, ਜਿਹੜੀ ਵੱਧ ਤੋਂ ਵੱਧ ਇੱਕ ਮਹੀਨੇ ਵਿੱਚ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਵੇ। ਇਸ ਨਾਲ ਸਿੱਖ ਕੌਮ ਵਿੱਚ ਦੇਸ਼ ਤੋਂ ਵੱਖ ਹੋਣ ਦੀ ਭਾਵਨਾ ਘੱਟ ਜਾਵੇਗੀ। ਜੇਕਰ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਨਹੀਂ ਮਿਲਦੀ ਤਾਂ ਸਿੱਖਾਂ ਕੋਲ ਦੋ ਹੀ ਰਾਹ ਹਨ, ਜਾਂ ਤਾਂ ਉਹ ਆਪਣੀ ਅਣਖ ਨੂੰ ਮਾਰ ਕੇ ਗੁਲਾਮੀ ਨੂੰ ਕਬੂਲ ਕਰਨ ਅਤੇ ਹਰ ਜਬਰ-ਜ਼ੁਲਮ ਵਿਰੁੱਧ ਹੁਕਮਰਾਨਾਂ ਦੀ ਇੱਛਾ ਮੁਤਾਬਿਕ ਝੁਕ ਜਾਣ ਜਾਂ ਦੂਸਰਾ ਰਸਤਾ ਇਹ ਹੈ ਕਿ ਉਹ ਆਪਣੇ ਵੱਖਰੇ ਸੁਤੰਤਰ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਕਰਨ। ਇਥੇ ਦੇਸ਼ ਵਾਸੀਆਂ ਨੂੰ ਅਤੇ ਖਾਸ ਕਰ ਕਾਂਗਰਸ ਪਾਰਟੀ ਨੂੰ ਦੇਸ਼ ਦੇ ਵੱਡੇ ਨੇਤਾ ਮਹਾਤਮਾ ਗਾਂਧੀ ਦਾ ਬਿਆਨ ਅਤੇ ਸਿੱਖਾਂ ਨੂੰ ਦਿੱਤਾ ਭਰੋਸਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਸਿੱਖਾਂ ਨੂੰ ਇਨਸਾਫ ਨਾ ਮਿਲਿਆ ਤਾਂ ਸਿੱਖਾਂ ਦਾ ਕਿਰਪਾਨ ਦੇ ਮੁੱਠੇ 'ਤੇ ਹੱਥ ਰੱਖਣਾ ਜਾਇਜ਼ ਹੋਵੇਗਾ। ਸ਼ਹੀਦਾਂ ਦੀ ਆਤਮਾ ਸਿੱਖਾਂ ਨਾਲ ਹੋਵੇਗੀ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ਼ ਨੂੰ ਖਾਨਾਜੰਗੀ ਤੋਂ ਬਚਾਉਣ ਦੇ ਲਈ ਸਿੱਖਾਂ ਨੂੰ ਇਨਸਾਫ ਦੇਣਾ ਚਾਹੀਦਾ ਹੈ। ਇਨਸਾਫ ਦੀ ਪਹਿਲੀ ਕੜੀ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਦੇਣੀ ਹੈ। ਇੱਥੇ ਇਹ ਕਹਿਣਾ ਵੀ ਉਚਿਤ ਹੈ ਕਿ ਬੀਬੀ ਸੋਨੀਆ ਗਾਂਧੀ ਨੇ ਸਿੱਖਾਂ ਨਾਲ ਦੁਸ਼ਮਣੀ ਘਟਾਉਣ ਲਈ ਕਦਮ ਚੁੱਕੇ ਹਨ। ਸ੍ਰ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਉਣਾ ਇਸ ਦਿਸ਼ਾ ਵੱਲ ਚੰਗਾ ਕਦਮ ਹੈ। ਬੀਬੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਪ੍ਰਤੀ ਸਿੱਖਾਂ ਵਿੱਚ ਨਫਰਤ ਬਹੁਤ ਘੱਟ ਗਈ ਹੈ। ਪ੍ਰੰਤੂ ਸਿੱਖਾਂ ਨੂੰ ਇਨਸਾਫ ਦੇਣ ਲਈ ਬਹੁਤ ਲੰਮਾ ਰਸਤਾ ਤੈਅ ਕਰਨਾ ਪਵੇਗਾ। ਸਾਡਾ ਪੱਕਾ ਨਿਸ਼ਚਾ ਹੈ ਅਤੇ ਇਤਿਹਾਸ ਵੀ ਇਸ ਦਾ ਗਵਾਹ ਹੈ ਕਿ ਹਕੂਮਤ ਅਤੇ ਸਲਤਨਤਾਂ ਕਦੇ ਵੀ ਹਥਿਆਰਾਂ ਦੇ ਜ਼ੋਰ ਨਾਲ ਕਾਇਮ ਨਹੀਂ ਰਹਿ ਸਕਦੀਆਂ। ਇਹ ਉਦਾਹਰਣ ਭਾਵੇਂ ਹਿਟਲਰ ਦੀ ਹੋਵੇ, ਰਾਵਣ ਦੀ ਹੋਵੇ, ਕੌਰਵਾਂ ਦੀ ਹੋਵੇ, ਔਰੰਗਜ਼ੇਬ ਦੀ ਹੋਵੇ ਜਾਂ ਹੋਰ ਉਦਾਹਰਣਾਂ ਸਾਡੇ ਸਾਹਮਣੇ ਹਨ। ਇਨਸਾਫ ਹੀ ਕਿਸੇ ਸਲਤਨਤ ਦੀ ਪੱਕੀ ਨੀਂਹ ਹੁੰਦੀ ਹੈ। ਸਿੱਖ ਇਨਸਾਫ ਚਾਹੁੰਦੇ ਹਨ। ਬੀਬੀ ਸੋਨੀਆ ਗਾਂਧੀ ਫਿਰਕਾਪ੍ਰਸਤ ਲੀਡਰ ਨਹੀਂ। ਉਸ ਨੂੰ ਸਿੱਖਾਂ ਨੂੰ ਇਨਸਾਫ ਦੇਣ ਲਈ ਵੱਡੇ ਕਦਮ ਪੁੱਟਣੇ ਚਾਹੀਦੇ ਹਨ।

*ਗੁਰਦੀਪ ਸਿੰਘ*

# ਇੱਕ ਚੁੱਪ ਸੌ ਸੁੱਖ

**ਡਾ. ਰਣਜੀਤ ਸਿੰਘ**

ਜਦੋਂ ਮੈਂ ਪਹਿਲੀ ਵਾਰ ਇਹ ਅਖਾਣ ਸੁਣਿਆ ਤਾਂ ਮੈਨੂੰ ਬੜੀ ਹੈਰਾਨੀ ਹੋਈ ਕਿ ਚੁੱਪ ਰਹਿਣ ਨਾਲ ਕਿਵੇਂ ਸੁੱਖ ਪ੍ਰਾਪਤ ਹੋ ਸਕਦਾ ਹੈ। ਪਰ ਜਿਵੇਂ-ਜਿਵੇਂ ਜੀਵਨ ਦਾ ਅਨੁਭਵ ਅਤੇ ਤਲਖ਼ ਤਜ਼ਰਬੇ ਪ੍ਰਾਪਤ ਹੁੰਦੇ ਰਹੇ, ਮੈਨੂੰ ਯਕੀਨ ਹੋ ਗਿਆ ਕਿ ਸਿਆਣਿਆਂ ਬੜੀ ਸੋਚ ਵਿਚਾਰ ਪਿੱਛੋਂ ਤੱਥਾਂ ਉੱਤੇ ਅਧਾਰਿਤ ਇਹ ਅਖਾਣ ਘੜ੍ਹਿਆ ਹੋਵੇਗਾ। ਚੁੱਪ ਇੱਕ ਅਜਿਹਾ ਹਥਿਆਰ ਹੈ, ਜਿਸ ਦੀ ਵਰਤੋਂ ਹਰ ਥਾਂ 'ਤੇ ਹਰ ਸਥਿਤੀ ਵਿੱਚ ਕੀਤੀ ਜਾ ਸਕਦੀ ਹੈ। ਇਸ ਦੀ ਵਰਤੋਂ ਨਾਲ ਹਮੇਸ਼ਾਂ ਸੁੱਖ ਹੀ ਪ੍ਰਾਪਤ ਹੁੰਦਾ ਹੈ। ਜਿਸ ਘਰ ਵਿੱਚ ਪਤੀ-ਪਤਨੀ ਨੇ ਇਹ ਫ਼ੈਸਲਾ ਕੀਤਾ ਹੁੰਦਾ ਹੈ ਕਿ ਜਦੋਂ ਦੋਵਾਂ ਵਿੱਚੋਂ ਕਿਸੇ ਇੱਕ ਨੂੰ ਗੁੱਸਾ ਆ ਜਾਵੇ ਉਹ ਬੋਲਣਾ ਸ਼ੁਰੂ ਕਰ ਦੇਵੇ ਤਾਂ ਦੂਸਰਾ ਚੁੱਪ ਕਰਕੇ ਬੈਠਾ ਰਹੇ। ਉੱਥੇ ਆਮ ਤੌਰ ਉੱਤੇ ਸੁੱਖ ਹੀ ਰਹਿੰਦਾ ਹੈ। ਥੋੜ੍ਹੀ ਦੇਰ ਗੁੱਸਾ ਬਾਹਰ ਕੱਢ, ਬੋਲਣ ਵਾਲਾ ਆਪੇ ਹੀ ਚੁੱਪ ਹੋ ਜਾਵੇਗਾ ਅਤੇ ਘਰ ਵਿੱਚ ਸ਼ਾਂਤ ਮਾਹੌਲ ਬਣਿਆ ਰਹੇਗਾ। ਜੇਕਰ ਦੂਸਰਾ ਵੀ ਅੱਗੋਂ ਬੋਲਣਾ ਸ਼ੁਰੂ ਕਰ ਦੇਵੇ ਤਾਂ ਘਰ ਲੜਾਈ ਸ਼ੁਰੂ ਹੋ ਜਾਵੇਗੀ। ਬੱਚੇ ਡਰ ਕੇ ਆਪਣੇ ਕਮਰੇ ਵਿੱਚ ਛੁਪ ਜਾਣਗੇ, ਗੁਆਂਢੀ ਕੰਧਾਂ ਨਾਲ ਕੰਨ ਲਾਈ ਲੜਾਈ ਦਾ ਆਨੰਦ ਪ੍ਰਾਪਤ ਕਰਨਗੇ।

ਘਰ ਵਿੱਚ ਖਾਣਾ ਨਹੀਂ ਬਣੇਗਾ, ਦੋ-ਤਿੰਨ ਦਿਨ ਤਣਾਅ ਭਰਿਆ ਮਾਹੌਲ ਬਣਿਆ ਰਹੇਗਾ ਅਤੇ ਹੋ ਸਕਦਾ ਘਰ ਦੀਆਂ ਕੁੱਝ ਵਸਤਾਂ ਦੀ ਭੰਨ-ਤੋੜ ਵੀ ਜ਼ਰੂਰ ਹੋ ਜਾਵੇ। ਮੇਰੇ ਕਈ ਸਾਥੀ ਪੁੱਛਦੇ ਹਨ ਕਿ ਜੇ ਕਰ ਸਾਥੀ ਦੇ ਬੋਲ ਸੁਨਣੇ ਔਖੇ ਹੋ ਜਾਣ ਫਿਰ ਭਲਾ ਚੁੱਪ ਕਿਵੇਂ ਰਿਹਾ ਜਾ ਸਕਦਾ ਹੈ। ਅਜਿਹੇ ਵਿਅਕਤੀਆਂ ਨੂੰ ਮੇਰੀ ਸਲਾਹ ਹੈ ਉਹ ਕੁੱਝ ਸਮੇਂ ਲਈ ਘਰੋਂ ਖਿਸਕ ਜਾਣ। ਸੈਰ ਕਰਨ, ਗੁਰਦੁਆਰੇ ਜਾਂ ਮੰਦਰ ਚਲੇ ਜਾਣ। ਇੰਝ ਘਰ ਵਿੱਚ ਕਲੇਸ਼ ਵੀ ਨਹੀਂ ਹੋਵੇਗਾ ਤੇ ਸੈਰ ਦਾ ਲਾਹਾ ਵੀ ਪ੍ਰਾਪਤ ਹੋ ਜਾਵੇਗਾ। ਮੈਂ ਆਪਣੇ ਇੱਕ ਵਾਕਿਫ਼ ਦਾ ਕਿੱਸਾ ਤੁਹਾਡੇ ਨਾਲ ਸਾਂਝਾ ਕਰਨਾ ਚਾਹਵਾਂਗਾ। ਮੇਰਾ ਇਹ ਸਾਥੀ ਜਦੋਂ ਨੌਕਰੀ ਤੋਂ ਸੇਵਾ ਮੁਕਤ ਹੋਇਆ ਤਾਂ ਉਸ ਦੀ ਸਿਹਤ ਬਹੁਤ ਅੱਛੀ ਸੀ, ਉਹ ਆਪਣੀ ਉਮਰ ਨਾਲੋਂ ਘੱਟੋ-ਘੱਟ ਦਸ ਸਾਲ ਛੋਟਾ ਨਜ਼ਰ ਆ ਰਿਹਾ ਸੀ। ਨਿਗਾਹ ਵੀ ਠੀਕ ਸੀ, ਸੁਣਦਾ ਵੀ ਪੂਰਾ ਸੀ ਅਤੇ ਬਤੀਸੀ ਵੀ ਸਾਬਤ ਸੀ। ਵਿਦਾਇਗੀ ਪਾਰਟੀ ਸਮੇਂ ਉਸ ਦੇ ਕੰਮਾਂ ਦਾ ਗੁਣਗਾਨ ਹੋਇਆ, ਨਾਲ ਹੀ ਉਸ ਤੋਂ ਚੰਗੀ ਸਿਹਤ ਦਾ ਭੇਦ ਵੀ ਪੁੱਛਿਆ ਗਿਆ। ਉਸ ਦੱਸਿਆ ਕਿ ਸੁਹਾਗਰਾਤ ਨੂੰ ਹੀ ਮੇਰੇ ਤੇ ਮੇਰੀ ਪਤਨੀ ਵਿਚਕਾਰ ਇੱਕ ਸਮਝੌਤਾ ਹੋ ਗਿਆ ਸੀ, ਕਿ ਕੁਝ ਵੀ ਹੋ ਜਾਵੇ ਆਪਸੀ ਝਗੜਾ ਨਹੀਂ ਕਰਨਾ। ਜੇ ਕਰ ਕਿਸੇ ਨੂੰ ਗੁੱਸਾ ਵੀ ਆ ਜਾਵੇ ਤਾਂ ਦੂਜਾ ਚੁੱਪ ਕਰਕੇ ਕੁੱਝ ਸਮੇਂ ਲਈ ਘਰੋਂ ਬਾਹਰ ਚਲਾ ਜਾਵੇ। ਇਸ ਸਮਝੌਤੇ ਅਧੀਨ ਮੈਨੂੰ ਰੋਜ਼ ਸਵੇਰੇ-ਸ਼ਾਮ ਬਾਹਰ ਜਾਣਾ ਪੈਂਦਾ ਹੈ। ਸਾਡਾ ਝਗੜਾ ਵੀ ਨਹੀਂ ਹੁੰਦਾ ਅਤੇ ਸੈਰ ਨਾਲ ਸਿਹਤ ਬਣੀ ਰਹਿੰਦੀ ਹੈ।" ਇੱਕ ਕਹਾਵਤ ਹੈ ਕਿ ਇੱਕ ਹੱਥ ਨਾਲ ਤਾੜੀ ਨਹੀਂ ਵੱਜਦੀ। ਝਗੜਾ ਉਦੋਂ ਹੀ ਹੁੰਦਾ ਹੈ ਜਦੋਂ ਦੋਵੇਂ ਬੋਲਣ ਲੱਗ ਪੈਣ। ਜੇਕਰ ਦੂਸਰਾ ਮੁੱਠੀ ਬੰਦ ਹੀ ਰੱਖੇ ਫਿਰ ਭਲਾ ਤਾੜੀ ਕਿਵੇਂ ਵੱਜ ਸਕੇਗੀ। ਬਰਕਤਾਂ ਹਨ, ਇਹ ਝਗੜੇ ਨੂੰ ਰੋਕਦੀ ਹੈ। ਤਾਕਤ ਅਤੇ ਏਕਤਾ ਦਾ ਪ੍ਰਤੀਕ ਬਣਦੀ ਹੈ।

ਜਿਹੜੇ ਲੋਕ ਕਲਾਸ ਜਾਂ ਮੀਟਿੰਗ ਵਿੱਚ ਅਤੇ ਆਪਣੇ ਸਾਹਿਬ ਅੱਗੇ ਨਹੀਂ ਬੋਲਦੇ ਸਗੋਂ 'ਯੈਸ ਸਰ' ਹੀ ਆਖਦੇ ਹਨ, ਉਹ ਬੜੇ ਸਫ਼ਲ ਰਹਿੰਦੇ ਹਨ। ਉਨ੍ਹਾਂ ਦੇ ਚੰਗੇ ਵਿਦਿਆਰਥੀਆਂ ਅਤੇ ਵਧੀਆ ਕਰਮਚਾਰੀ ਹੋਣ ਦਾ ਭਰਮ ਬਣਿਆ ਰਹਿੰਦਾ ਹੈ। ਉਨ੍ਹਾਂ ਨੂੰ ਹਮੇਸ਼ਾਂ ਬੀਬੇ ਬੰਦੇ ਕਰਕੇ ਜਾਣਿਆ ਜਾਂਦਾ ਹੈ। ਇਹੋ ਹਾਲ ਰਿਸ਼ਤਿਆਂ ਦੀ ਸੂਖ਼ਮਤਾ ਦਾ ਹੈ। ਪਤੀ-ਪਤਨੀ ਵਿੱਚ ਜੇਕਰ ਇੱਕ ਵੇਰ ਬੋਲ-ਬੁਲਾਰਾ ਸ਼ੁਰੂ ਹੋ ਜਾਵੇ ਫਿਰ ਤਾਂ ਇਹ ਸਦੀਵੀਂ ਬਣ ਜਾਂਦਾ ਹੈ। ਇਸੇ ਤਰ੍ਹਾਂ ਨੂੰਹ-ਸੱਸ ਅੱਗੇ ਜਾਂ ਬੱਚੇ ਮਾਂ-ਪਿਉ ਅੱਗੇ ਜੇਕਰ ਜ਼ੁਬਾਨ ਖੋਲ੍ਹ ਲੈਣ ਤਾਂ ਰਿਸ਼ਤਿਆਂ ਦਾ ਭਰਮ ਟੁੱਟ ਜਾਂਦਾ ਹੈ ਅਤੇ ਇਨ੍ਹਾਂ ਵਿੱਚ ਕੁੜੱਤਣ ਘੁਲ ਜਾਂਦੀ ਹੈ।

ਇੱਕ ਵੇਰ ਸ਼ਿਵ ਜੀ ਤੇ ਪਾਰਬਤੀ ਖੇਤਾਂ ਵਿੱਚ ਸੈਰ ਕਰ ਰਹੇ ਸਨ। ਪਾਰਵਤੀ ਨੇ ਮੱਕੀ ਦੇ ਖੇਤ ਵਿਚਕਾਰ ਇੱਕ ਡਰਨਾ ਗੱਡਿਆ ਵੇਖਿਆ ਤਾਂ ਉਸ ਨੂੰ ਬੜਾ ਅਜੀਬ ਲੱਗਿਆ। ਉਸ ਦੀ ਹਾਲਤ ਵੇਖ ਪਾਰਵਤੀ ਨੂੰ ਤਰਸ ਵੀ ਬੜਾ ਆਇਆ। ਉਸ ਨੇ ਸ਼ਿਵ ਜੀ ਨੂੰ ਬੇਨਤੀ ਕੀਤੀ, "ਮਹਾਰਾਜ ਇਸ ਪੁਤਲੇ ਵਿੱਚ ਜਾਨ ਪਾ ਦੇਵੋ, ਪਤਾ ਨਹੀਂ ਵਿਚਾਰਾ ਕਦੋਂ ਦਾ ਖੇਤਾਂ ਵਿੱਚ ਖੜ੍ਹਾ ਹੈ।" ਸ਼ਿਵ ਜੀ ਨੇ ਪਾਰਵਤੀ ਨੂੰ ਸਮਝਾਉਂਦਿਆਂ ਹੋਇਆ ਆਖਿਆ, "ਭਗਵਾਨੇ ਮੈਨੂੰ ਚੱਲ ਰਹੇ ਵਿਧਾਨ ਨੂੰ ਖਰਾਬ ਕਰਨ ਲਈ ਮਜ਼ਬੂਰ ਨਾ ਕਰ ਤੇ ਇਸ ਨੂੰ ਇਸੇ ਤਰ੍ਹਾਂ ਹੀ ਰਹਿਣ ਦੇ।" ਪਰ ਤ੍ਰਿਆ ਹੱਠ ਮਸ਼ਹੂਰ ਹੈ। ਪਾਰਵਤੀ ਅੜੀ ਕਰ ਕੇ ਬੈਠ ਗਈ। ਮਜ਼ਬੂਰ ਹੋ ਕੇ ਸ਼ਿਵ ਜੀ ਨੂੰ ਉਸ ਪੁਤਲੇ ਵਿੱਚ ਜਾਨ ਪਾਉਣੀ ਪਈ। ਜਾਨ ਪੈਣ ਨਾਲ ਪੁਤਲਾ ਇੱਧਰ-ਉੱਧਰ ਭੱਜਣ ਲੱਗਾ ਪਰ ਉਹ ਬੋਲ ਨਹੀਂ ਸੀ ਸਕਦਾ। ਪਾਰਵਤੀ ਨੂੰ ਫਿਰ ਉਸ ਉੱਤੇ ਤਰਸ ਆਇਆ ਤੇ ਉਸ ਸ਼ਿਵ ਜੀ ਨੂੰ ਬੇਨਤੀ ਕੀਤੀ, "ਮਹਾਰਾਜ ਜਿੱਥੇ ਤੁਸੀਂ ਇਤਨੀ ਮੇਹਰ ਕੀਤੀ ਹੈ ਉੱਥੇ ਹੋਰ ਮੇਹਰ ਕਰੋ ਇਸ ਦਾ ਮੂੰਹ ਬਣਾ ਦੇਵੋ ਤਾਂ ਜੋ ਵਿਚਾਰਾ ਬੋਲ ਸਕੇ। ਸ਼ਿਵ ਜੀ ਨੇ ਬਥੇਰਾ ਸਮਝਾਇਆ ਕਿ ਇਸ ਦੀ ਚੁੱਪ ਹੀ ਭਲੀ ਹੈ, ਇਸ ਦਾ ਮੂੰਹ ਬੰਦ ਹੀ ਰਹਿਣਾ ਚਾਹੀਦਾ ਹੈ। ਪਰ ਕਿੱਥੇ ਪਾਰਵਤੀ ਤਾਂ ਖਹਿੜੇ ਹੀ ਪੈ ਗਈ। ਸ਼ਿਵ ਜੀ ਨੂੰ ਖੇਤ ਦੇ ਬੰਨੇ ਪਿਆ ਇੱਕ ਕੋਹਾੜਾ ਨਜ਼ਰ ਆਇਆ। ਉਸ ਨੇ ਕੁਹਾੜਾ ਪੁਤਲੇ ਦੇ ਮੂੰਹ ਉੱਤੇ ਮਾਰਿਆ ਤੇ ਉਸ ਦਾ ਮੂੰਹ ਖੁੱਲ੍ਹ ਗਿਆ। ਪਤਾ ਜੇ ਮੂੰਹ ਖੁੱਲ੍ਹਦੇ ਹੀ ਪਹਿਲੀ ਗੱਲ ਉਸ ਕੀ ਆਖੀ, 'ਦੇਖੋ ਬਿਜੂ ਜਿਹਾ ਕਿੰਨੀ ਸੋਹਣੀ ਜਨਾਨੀ ਲਈ ਫਿਰਦਾ?' ਪਾਰਵਤੀ ਨੂੰ ਇਹ ਸੁਣ ਕੇ ਬੜੀ ਨਮੋਸ਼ੀ ਹੋਈ। ਇਸ ਤੋਂ ਪਹਿਲਾਂ ਕਿ ਪੁਤਲਾ ਕੁੱਝ ਹੋਰ ਬੋਲਦਾ ਉਹ ਸ਼ਿਵ ਜੀ ਨੂੰ ਲੈ ਕੇ ਅਗਾਂਹ ਚਲੀ ਗਈ। ਵਾਧੂ ਬੋਲਣਾ ਉਂਝ ਹੀ ਪ੍ਰਭਾਵਸ਼ਾਲੀ ਨਹੀਂ ਰਹਿੰਦਾ। ਸੰਖੇਪ ਵਿੱਚ ਕੀਤੀ ਗੱਲ ਦਾ ਜੋ ਪ੍ਰਭਾਵ ਪੈਂਦਾ ਹੈ, ਉਹ ਵਾਧੂ ਰੌਲਾ ਪਾਉਣ ਨਾਲ ਨਹੀਂ ਪੈਂਦਾ। ਸਗੋਂ ਰੌਲਾ ਪਾਉਣ ਵਾਲੇ ਨੂੰ ਤਾਂ ਲੋਕੀਂ ਇਹ ਆਖ ਅਣਗੌਲਿਆ ਕਰ ਦਿੰਦੇ ਹਨ ਕਿ ਰੌਲਾ ਪਾਉਣਾ ਤਾਂ ਇਸ ਦੀ ਆਦਤ ਹੈ। ਇਸ ਦੀ ਗੱਲ ਵੱਲ ਕੋਈ ਧਿਆਨ ਦੇਣ ਦੀ ਲੋੜ ਨਹੀਂ।

*ਜਦੋਂ ਮੈਂ ਪਹਿਲੀ ਵਾਰ ਇਹ ਅਖਾਣ ਸੁਣਿਆ ਤਾਂ ਮੈਨੂੰ ਬੜੀ ਹੈਰਾਨੀ ਹੋਈ ਕਿ ਚੁੱਪ ਰਹਿਣ ਨਾਲ ਕਿਵੇਂ ਸੁੱਖ ਪ੍ਰਾਪਤ ਹੋ ਸਕਦਾ ਹੈ। ਪਰ ਜਿਵੇਂ-ਜਿਵੇਂ ਜੀਵਨ ਦਾ ਅਨੁਭਵ ਅਤੇ ਤਲਖ਼ ਤਜ਼ਰਬੇ ਪ੍ਰਾਪਤ ਹੁੰਦੇ ਰਹੇ, ਮੈਨੂੰ ਯਕੀਨ ਹੋ ਗਿਆ ਕਿ ਸਿਆਣਿਆਂ ਬੜੀ ਸੋਚ ਵਿਚਾਰ ਪਿੱਛੋਂ ਤੱਥਾਂ ਉੱਤੇ ਅਧਾਰਿਤ ਇਹ ਅਖਾਣ ਘੜ੍ਹਿਆ ਹੋਵੇਗਾ। ਚੁੱਪ ਇੱਕ ਅਜਿਹਾ ਹਥਿਆਰ ਹੈ, ਜਿਸ ਦੀ ਵਰਤੋਂ ਹਰ ਥਾਂ 'ਤੇ ਹਰ ਸਥਿਤੀ ਵਿੱਚ ਕੀਤੀ ਜਾ ਸਕਦੀ ਹੈ। ਇਸ ਦੀ ਵਰਤੋਂ ਨਾਲ ਹਮੇਸ਼ਾਂ ਸੁੱਖ ਹੀ ਪ੍ਰਾਪਤ ਹੁੰਦਾ ਹੈ। ਜਿਸ ਘਰ ਵਿੱਚ ਪਤੀ-ਪਤਨੀ ਨੇ ਇਹ ਫ਼ੈਸਲਾ ਕੀਤਾ ਹੁੰਦਾ ਹੈ ਕਿ ਜਦੋਂ ਦੋਵਾਂ ਵਿੱਚੋਂ ਕਿਸੇ ਇੱਕ ਨੂੰ ਗੁੱਸਾ ਆ ਜਾਵੇ ਉਹ ਬੋਲਣਾ ਸ਼ੁਰੂ ਕਰ ਦੇਵੇ ਤਾਂ ਦੂਸਰਾ ਚੁੱਪ ਕਰਕੇ ਬੈਠਾ ਰਹੇ। ਉੱਥੇ ਆਮ ਤੌਰ ਉੱਤੇ ਸੁੱਖ ਹੀ ਰਹਿੰਦਾ ਹੈ। ਥੋੜ੍ਹੀ ਦੇਰ ਗੁੱਸਾ ਬਾਹਰ ਕੱਢ, ਬੋਲਣ ਵਾਲਾ ਆਪੇ ਹੀ ਚੁੱਪ ਹੋ ਜਾਵੇਗਾ ਅਤੇ ਘਰ ਵਿੱਚ ਸ਼ਾਂਤ ਮਾਹੌਲ ਬਣਿਆ ਰਹੇਗਾ।*

ਆਪਣੀ ਗੱਲ ਮਨਵਾਉਣ ਲਈ ਇੱਕ ਵਿਸ਼ੇਸ਼ ਨਜ਼ਰ ਹੀ ਬਹੁਤ ਹੁੰਦੀ ਹੈ। ਜਿਹੜਾ ਪ੍ਰਭਾਵ ਇੱਕ ਵਾਰ ਪਾ ਸਕਦਾ ਹੈ, ਉਹ ਅੱਧੇ ਘੰਟੇ ਦਾ ਲੈਕਚਰ ਨਹੀਂ ਪਾ ਸਕਦਾ। ਇੱਕ ਵੇਰ ਹਵਾਈ ਜਹਾਜ਼ ਵਿੱਚ ਆਪਣੀ ਮਾਂ ਦੇ ਨਾਲ ਬੱਚਾ ਵੀ ਚੜ੍ਹਿਆ। ਉਹ ਸੀਟ 'ਤੇ ਨਾ ਬੈਠਣ ਦੀ ਜ਼ਿੱਦ ਕਰਨ ਲੱਗਾ। ਉਸ ਸ਼ੋਰ ਮਚਾਉਣਾ ਤੇ ਰੋਣਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਇੱਧਰ-ਉੱਧਰ ਭੰਨ-ਤੋੜ ਵੀ ਕਰਨ ਲੱਗ ਪਿਆ। ਸਾਰਿਆਂ ਦੀ ਕੋਸ਼ਿਸ਼ ਕੀਤਿਆਂ ਵੀ ਉਹ ਕਾਬੂ ਨਹੀਂ ਸੀ ਆ ਰਿਹਾ। ਸੇਵਾ ਕਰਮਚਾਰੀਆਂ ਵੱਲੋਂ ਟਾਫ਼ੀਆ ਤੇ ਖਿਡਾਉਣੇ ਦੇ ਕੇ ਸ਼ਾਂਤ ਕਰਨ ਜਾ ਯਤਨ ਵੀ ਅਸਫ਼ਲ ਰਿਹਾ। ਇੱਕ ਫ਼ੌਜੀ ਅਫ਼ਸਰ ਆਪਣੀ ਵਰਦੀ ਵਿੱਚ ਬੈਠਾ ਸੀ। ਕੁਝ ਦੇਰ ਤਮਾਸ਼ਾ ਵੇਖਣ ਪਿੱਛੋਂ ਉਹ ਆਪਣੀ ਸੀਟ ਤੋਂ ਉੱਠਿਆ। ਬੱਚੇ ਨੂੰ ਫੜ੍ਹਿਆ ਤੇ ਉਸ ਦੇ ਕੰਨ ਵਿੱਚ ਕੁੱਝ ਆਖਿਆ। ਬੱਚਾ ਇੱਕ ਦਮ ਸ਼ਾਂਤ ਹੋ ਗਿਆ ਤੇ ਚੁੱਪ ਕਰਕੇ ਆਪਣੀ ਸੀਟ ਉੱਤੇ ਬੈਠ ਗਿਆ। ਸਾਰੇ ਮੁਸਾਫ਼ਰਾਂ ਨੂੰ ਰਾਹਤ ਵੀ ਮਿਲੀ ਤੇ ਬੜੀ ਹੈਰਾਨੀ ਵੀ ਹੋਈ। ਇੱਕ ਏਅਰ ਹੋਸਟਸ ਨੂੰ ਇਹ ਜਾਨਣ ਦੀ ਬੜੀ ਬੇਚੈਨੀ ਸੀ ਕਿ ਫ਼ੌਜੀ ਨੇ ਅਜਿਹਾ ਕਿਹੜਾ ਮੰਤਰ ਫੂਕਿਆ, ਜਿਸ ਚਮਤਕਾਰ ਕਰ ਦਿੱਤਾ। ਉਸ ਤੋਂ ਰਿਹਾ ਨਾ ਗਿਆ ਤੇ ਉਹ ਫ਼ੌਜੀ ਕੋਲ ਗਈ ਤੇ ਇਸ ਮੰਤਰ ਬਾਰੇ ਜਾਨਣ ਦੀ ਬੇਨਤੀ ਕੀਤੀ। ਫ਼ੌਜੀ ਨੇ ਉੱਤਰ ਦਿੱਤਾ ਕਿ ਮੈਂ ਕੋਈ ਜਾਦੂ ਜਾਂ ਮੰਤਰ ਨਹੀਂ ਕੀਤਾ, ਸਗੋਂ ਮੈਂ ਉਸ ਨੂੰ ਆਪਣੀ ਵਰਦੀ ਵਿਖਾ ਕੇ ਇਹ ਆਖਿਆ ਕਿ ਸਰਕਾਰ ਨੇ ਮੈਨੂੰ ਅਖ਼ਤਿਆਰ ਦਿੱਤਾ ਹੋਇਆ ਹੈ ਕਿ ਮੈਂ ਆਪਣੀਆਂ ਉਡਾਣ ਸਮੇਂ ਜੇ ਚਾਹਵਾਂ ਤਾਂ ਇੱਕ ਸਵਾਰੀ ਨੂੰ ਚੁੱਕ ਕੇ ਬਾਹਰ ਸੁੱਟ ਸਕਦਾ ਹਾਂ। ਬਹੁਤੇ ਲੜਾਈ ਝਗੜਿਆਂ ਅਤੇ ਆਪਸੀ ਖਿੱਚੋਤਾਣ ਦਾ ਕਾਰਨ ਵੱਧ ਬੋਲਣਾ ਹੀ ਹੁੰਦਾ ਹੈ। ਝਗੜਾ ਤਾਂ ਖੱਟੀ ਲੱਸੀ ਵਾਂਗ ਹੈ, ਜਿਸ ਵਿੱਚ ਪਾਣੀ ਪੀ ਕੇ ਜਿਤਨਾ ਮਰਜ਼ੀ ਵਾਧਾ ਕਰੀ ਜਾਵੋ। ਝਗੜੇ ਅਤੇ ਬਹਿਸ ਨਾਲ ਕਿਸੇ ਵੀ ਮਸਲੇ ਦਾ ਹੱਲ ਨਹੀਂ ਨਿਕਲਦਾ, ਸਗੋਂ, ਦੋਵੇਂ ਧਿਰਾਂ ਹੋਰ ਪੀਡੀਆਂ ਹੋ ਜਾਂਦੀਆਂ ਹਨ। ਜੇਕਰ ਇੱਕ ਅੱਗੋਂ ਚੁੱਪ ਕਰ ਜਾਵੇ ਜਾਂ ਆਪਣੀ ਗ਼ਲਤੀ ਦੀ ਮੁਆਫ਼ੀ ਮੰਗ ਲਵੇ ਤਾਂ ਝਗੜੇ ਦੀ ਨੌਬਤ ਹੀ ਨਹੀਂ ਆਉਂਦੀ, ਸਗੋਂ ਦੋਵਾਂ ਧਿਰਾਂ ਨੂੰ ਆਪੋ-ਆਪਣੀ ਗ਼ਲਤੀ ਦਾ ਅਹਿਸਾਸ ਹੋ ਜਾਂਦਾ ਹੋ ਤੇ ਉਹ ਇੱਕ ਦੂਜੇ ਦੀ ਸਹਾਇਤਾ ਕਰਨ ਦਾ ਯਤਨ ਕਰਦੀਆਂ ਹਨ।

ਪਰ ਚੁੱਪ ਦਾ ਗ਼ਲਤ ਅਰਥ ਵੀ ਨਹੀਂ ਕੱਢ ਲੈਣਾ ਚਾਹੀਦਾ, ਕਿ ਜੇਕਰ ਕੋਈ ਚੁੱਪ ਹੈ ਤਾਂ ਜ਼ਰੂਰ ਇਹ ਗ਼ਲਤੀ ਉੱਤੇ ਹੋਵੇਗਾ। ਅਜਿਹਾ ਨਹੀਂ ਹੁੰਦਾ, ਸਗੋਂ ਗ਼ਲਤ ਆਦਮੀ ਵਧੇਰੇ ਬੋਲਦਾ ਹੈ, ਜਿਵੇਂ ਆਖਦੇ ਹਨ ਕਿ ਖਾਲੀ ਭਾਂਡਾ ਜ਼ਿਆਦਾ ਅਵਾਜ਼ ਕਰਦਾ ਹੈ। ਕਈਆਂ ਦੀ ਜੀਭ ਉੱਤੇ ਅਜਿਹੀ ਖਾਜ ਹੁੰਦੀ ਹੈ ਕਿ ਉਹ ਉਦੋਂ ਤੱਕ ਬੋਲਣੋ ਨਹੀਂ ਹੱਟਦੇ ਜਦੋਂ ਤੀਕ ਕਿ ਅੱਗੋਂ ਅਗਲਾ ਮੂੰਹ ਨਾ ਖੋਲ੍ਹ ਲਵੇ। ਪੁਰਾਣੇ ਜ਼ਮਾਨੇ ਵਿੱਚ ਔਰਤਾਂ ਨੂੰ ਘਰ ਦੀ ਚਾਰ ਦੀਵਾਰੀ ਵਿੱਚ ਬੰਦ ਕਰਕੇ ਰੱਖਿਆ ਜਾਂਦਾ ਸੀ ਤੇ ਉਨ੍ਹਾਂ ਦੇ ਬਾਹਰ ਆਉਣ-ਜਾਣ ਉੱਤੇ ਪਾਬੰਦੀ ਹੁੰਦੀ ਸੀ। ਮਰਦ, ਔਰਤਾਂ ਨੂੰ ਝਿੜਕ ਵੀ ਲੈਂਦੇ ਸਨ ਤੇ ਕਈ ਵੇਰ ਹੱਥ ਵੀ ਚੁੱਕ ਲੈਂਦੇ ਸਨ। ਉਦੋਂ ਪਿੰਡਾਂ ਵਿੱਚ ਦੁਪਹਿਰ ਦੀ ਰੋਟੀ ਤੋਂ ਵਿਹਲੀਆਂ ਹੋ ਕੇ ਉਹ ਆਪਣੀ ਭੜਾਸ ਕੱਢਣ ਲਈ ਆਪੋ ਵਿੱਚ ਲੜਨਾ ਸ਼ੁਰੂ ਕਰ ਦਿੰਦੀਆਂ ਸਨ। ਜਿਸ ਔਰਤ ਨੇ ਘਰ ਵਿੱਚ ਹੋਈ ਗੜਬੜ ਦਾ ਆਪਣਾ ਗੁੱਸਾ ਠੰਢਾ ਕਰਨਾ ਹੁੰਦਾ, ਉਸ ਕੋਠੇ ਉੱਤੇ ਚੜ੍ਹ ਗਵਾਂਢੀਆਂ ਨੂੰ ਸੁਣਾ ਗਾਲਾਂ ਕੱਢਣੀਆਂ ਸ਼ੁਰੂ ਕਰ ਦੇਣੀਆਂ। ਗਾਲ੍ਹਾਂ ਲਈ ਕੋਈ ਵੀ ਬਹਾਨਾ ਹੋ ਸਕਦਾ ਹੈ। ਕਿਸੇ ਨੇ ਤੁਹਾਡੇ ਪਾਸੇ ਵਾਲਾਂ ਦੀ ਲਿਟ ਸੁੱਟ ਦਿੱਤੀ ਜਾਂ ਆਪਣੇ ਕੱਪੜੇ ਸੁੱਕਣੇ ਪਾ ਦਿੱਤੇ ਜਾਂ ਕੋਈ ਵੀ ਫ਼ਰਜ਼ੀ ਬਹਾਨਾ ਘੜ੍ਹਿਆ ਜਾ ਸਕਦਾ ਸੀ। ਕੁੱਝ ਦੇਰ ਤਾਂ ਗੁਆਂਢਣ ਨੇ ਚੁੱਪ ਕਰਕੇ ਸੁਣੀ ਜਾਣਾ ਤੇ ਜਦੋਂ ਪਹਿਲੀ ਨੇ ਬੋਲਣੋਂ ਨਾ ਹੀ ਹੱਟਣਾ ਤਾਂ ਉਸ ਵੀ ਕੋਠੇ ਉੱਤੇ ਚੜ੍ਹ ਮੋੜਵਾਂ ਜਵਾਬ ਦੇਣਾ ਸ਼ੁਰੂ ਕਰ ਦੇਣਾ। ਘੰਟਾ ਕੁ ਬੋਲ ਦੋਵਾਂ ਨੇ ਥੱਕ ਹਾਰ ਇਹ ਆਖ ਹੇਠਾਂ ਉਤਰ ਜਾਣਾ, "ਕਾਕੇ ਦੇ ਬਾਪੂ ਨੂੰ ਆ ਜਾਣ ਦੇ ਫਿਰ ਤੁਹਾਡੀ ਖ਼ਬਰ ਲਵਾਂਗੇ।" ਮੁੜ ਗੱਲ ਆਈ ਗਈ ਹੋ ਜਾਣੀ।

ਪਰ ਜੀਭ ਦੀ ਖਾਜ ਨੂੰ ਅੱਜ ਦੇ ਜ਼ਮਾਨੇ ਵਿੱਚ ਇਸ ਢੰਗ ਨਾਲ ਦੂਰ ਨਹੀਂ ਕੀਤਾ ਜਾ ਸਕਦਾ, ਸਗੋਂ ਮਨੁੱਖ ਨੂੰ ਆਪਣੇ ਗੁੱਸੇ ਉੱਤੇ ਆਪ ਹੀ ਕਾਬੂ ਪਾਉਣ ਦੀ ਕੋਸ਼ਿਸ਼ ਕਰਨੀ ਪੈਂਦੀ ਹੈ। ਜਦੋਂ ਇਹ ਬਿੱਲਕੁੱਲ ਹੀ ਬੇਕਾਬੂ ਹੋ ਜਾਵੇ ਤਾਂ ਘਰ ਵਿੱਚ ਇਕੱਲਿਆਂ ਬੋਲ ਭੜਾਸ ਕੱਢ ਲੈਣੀ ਚਾਹੀਦੀ ਹੈ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਕਿਸੇ ਨੂੰ ਇਤਨਾ ਤੰਗ ਨਾ ਕੀਤਾ ਜਾਵੇ, ਜਿਸ ਨਾਲ ਝੁੰਝਲਾਹਟ ਵਧੇ ਜਾਂ ਗੁੱਸਾ ਚੜ੍ਹੇ। ਘਰ ਦੇ ਅੰਦਰ ਅਤੇ ਬਾਹਰ ਸੁੱਖ-ਸ਼ਾਂਤੀ ਅਤੇ ਤਣਾਵ ਮੁਕਤੀ ਦਾ ਸਭ ਤੋਂ ਵਧੀਆ ਮੰਤਰ ਹੈ, "ਇੱਕ ਚੁੱਪ ਸੌ ਸੁੱਖ।" ਆਪੋ ਵਿੱਚ ਝਗੜਨਾ ਠੀਕ ਨਹੀਂ ਹੈ। ਗੁੱਸੇ ਉੱਤੇ ਕਾਬੂ ਪਾਉਣ ਦੀ ਜਾਂਚ ਸਿੱਖੋ। ਇਹੋ ਜਾਂਚ ਜੀਵਨ ਜਾਂਚ ਦਾ ਅਧਾਰ ਬਣਦੀ ਹੈ। ਚੁੱਪ ਝਗੜੇ ਦੀ ਅੱਗ ਨੂੰ ਬੁਝਾਉਣ ਵਿੱਚ ਬਹੁਤ ਹੀ ਕਾਰਗਰ ਸਿੱਧ ਹੁੰਦੀ ਹੈ। ਆਪਸੀ ਬਹਿਸ ਨਾਲ ਕਦੇ ਕਿਸੇ ਮਸਲੇ ਦਾ ਹੱਲ ਨਹੀਂ ਨਿਕਲਦਾ। ਮਸਲੇ ਤਾਂ ਉਦੋਂ ਹੀ ਹੱਲ ਹੁੰਦੇ ਹਨ ਜਦੋਂ ਰਲ ਬੈਠ ਸੂਝ-ਬੂਝ ਨਾਲ ਵਟਾਂਦਰਾ ਕੀਤਾ ਜਾਵੇ। ਘਰ ਨੂੰ ਤਣਾਅ ਮੁਕਤ ਰੱਖਣ ਲਈ ਚੁੱਪ ਰਹਿਣ ਦਾ ਗੁਰ ਸਭ ਤੋਂ ਕਾਰਗਰ ਸਿੱਧ ਹੁੰਦਾ ਹੈ।

# ਸਿਆਟਲ ਵਿੱਚ ਪੁਲਿਸ ਵਾਲਿਆਂ ਦਾ ਕਤਲ ਨਸਲੀ ਤਣਾਅ ਨੂੰ ਹੋਰ ਵਧਾ ਸਕਦਾ ਹੈ

**ਡਾ.ਸਵਰਾਜ ਸਿੰਘ**

ਹੁਣੇ-ਹੁਣੇ ਸਿਆਟਲ ਵਿੱਚ ਇੱਕ ਕਾਲੇ ਨੇ ਚਾਰ ਗੋਰੇ ਪੁਲਿਸ ਵਾਲਿਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਫਿਰ ਇੱਕ ਗੋਰੇ ਪੁਲਿਸ ਵਾਲੇ ਨੇ ਇਸ ਕਾਲੇ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਚਾਰ ਪੁਲਿਸ ਵਾਲੇ ਇੱਕ ਰੈਸਟੋਰੈਂਟ ਵਿੱਚ ਕਾਫੀ ਪੀ ਰਹੇ ਸਨ, ਜਦੋਂ ਕਿ ਇਸ ਕਾਲੇ ਨੇ ਉੱਥੇ ਆ ਕੇ ਉਨ੍ਹਾਂ ਤੇ ਗੋਲੀਆਂ ਚੱਲਾਈਆਂ ਜਿਸ ਨਾਲ ਇਹ ਚਾਰੇ, ਤਿੰਨ ਮਰਦ ਅਤੇ ਇੱਕ ਔਰਤ ਮਾਰੇ ਗਏ। ਮਰਨ ਤੋਂ ਪਹਿਲਾਂ ਇੱਕ ਪੁਲਿਸ ਵਾਲੇ ਨੇ ਇਸ ਕਾਲੇ 'ਤੇ ਗੋਲੀ ਚਲਾਈ, ਜੋ ਕਿ ਉਸ ਦੇ ਢਿੱਡ ਵਿੱਚ ਵੱਜੀ। ਉਹ ਜ਼ਖਮੀਂ ਹੋ ਗਿਆ, ਪ੍ਰੰਤੂ ਭੱਜ ਗਿਆ। ਸਾਰੀ ਸਿਆਟਲ ਦੀ ਪੁਲਿਸ ਨੇ ਉਸ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਦੂਜੇ ਦਿਨ ਕਿਹਾ ਗਿਆ ਕਿ ਇੱਕ ਪੁਲਿਸ ਵਾਲੇ ਨੇ ਸਵੇਰੇ ਢਾਈ ਵਜੇ ਇਸ ਕਾਲੇ ਨੂੰ ਪਹਿਚਾਣ ਲਿਆ। ਉਸ ਕਾਲੇ ਨੇ ਭੱਜਣ ਦੀ ਕੋਸ਼ਿਸ ਕੀਤੀ, ਪ੍ਰੰਤੂ ਪੁਲਿਸ ਵਾਲੇ ਨੇ ਗੋਲੀਆਂ ਮਾਰ ਕੇ ਉਸ ਨੂੰ ਮਾਰ ਦਿੱਤਾ। ਹੁਣ ਉਸ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਕਿਉਂਕਿ ਉਨ੍ਹਾਂ ਨੇ ਇਸ ਦੀ ਵਾਰਦਾਤ ਨੂੰ ਬਾਅਦ ਵਿੱਚ ਸਹਾਇਤਾ ਕੀਤੀ ਅਤੇ ਉਸ ਨੂੰ ਵਾਸ਼ਿੰਗਟਨ ਸਟੇਟ ਤੋਂ ਬਾਹਰ ਕੱਢਣ ਦੀ ਸਕੀਮ ਬਣਾ ਰਹੇ ਸਨ। ਸਾਰੇ ਅਮਰੀਕਾ ਵਿੱਚ ਪੁਲਿਸ ਅਤੇ ਘੱਟ ਗਿਣਤੀਆਂ ਦੇ ਰਿਸ਼ਤੇ ਅਕਸਰ ਤਣਾਅ ਪੂਰਵਕ ਰਹਿੰਦੇ ਹਨ। ਸਭ ਤੋਂ ਜ਼ਿਆਦਾ ਤਣਾਅਪੂਰਵਕ ਰਿਸ਼ਤਾ ਕਾਲਿਆਂ ਨਾਲ ਰਹਿੰਦਾ ਹੈ।

ਅਮਰੀਕਾ ਦੀ ਕੌੜੀ ਨਸਲੀ ਸੱਚਾਈ ਇਸੇ ਗੱਲ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਅਮਰੀਕਾ ਵਿੱਚ ਕਾਲਿਆਂ ਦੀ ਅਬਾਦੀ ਤਕਰੀਬਨ 11 ਤੋਂ 12 ਫੀਸਦੀ ਹੈ, ਪ੍ਰੰਤੂ ਜੇਲ੍ਹਾਂ ਵਿੱਚ ਵੱਡੀ ਬਹੁਗਿਣਤੀ ਕਾਲਿਆਂ ਦੀ ਹੈ। ਅਮਰੀਕਾ ਦੀਆਂ ਜੇਲ੍ਹਾਂ ਵਿੱਚ ਕਿਸ ਤਰ੍ਹਾਂ ਦੇ ਹਾਲਾਤ ਹਨ। ਇਸ ਬਾਰੇ ਹਾਲੀਵੁੱਡ ਨੇ ਵੀ ਕਈ ਫਿਲਮਾਂ ਬਣਾਈਆਂ ਹਨ ਅਤੇ ਕਈ ਟੀ.ਵੀ. ਸੀਰੀਅਲ ਵੀ ਬਣ ਚੁੱਕੇ ਹਨ। ਇਹ ਕਹਿਣਾ ਸ਼ਾਇਦ ਅਤਿਕਥਨੀ ਨਾ ਹੋਵੇ ਕਿ ਬਾਕੀ ਵਿਕਸਤ ਦੇਸ਼ਾਂ ਦੇ ਮੁਕਾਬਲੇ ਵਿੱਚ ਅਮਰੀਕਾ ਦੀਆਂ ਜੇਲ੍ਹਾਂ ਸ਼ਾਇਦ ਨਰਕ ਦਾ ਨਮੂਨਾ ਕਹੀਆਂ ਜਾ ਸਕਦੀਆਂ ਹਨ। ਬਹੁਤ ਸਾਰੀਆਂ ਜੇਲ੍ਹਾਂ ਵਿੱਚ ਕੈਦੀਆਂ ਨੂੰ ਮਨੁੱਖਹੀਣਤਾ ਅਤੇ ਅਣਮਨੁੱਖੀ ਵਰਤਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰੀ ਨਵੇਂ ਕੈਦੀ ਦਾ ਸਵਾਗਤ ਸਮੂਹਿਕ ਬਲਾਤਕਾਰ (ਗੈਂਗ ਰੈਪ) ਨਾਲ ਹੁੰਦਾ ਹੈ, ਭਾਵੇਂ ਕਿ ਜੇਲ੍ਹਾਂ ਨੂੰ ਸੁਧਾਰ ਕਰਨ ਵਾਲੀਆਂ ਸੰਸਥਾਵਾਂ (ਕੁਰੈਕਸ਼ਨ ਫੈਸਲਿਟੀਜ਼) ਕਿਹਾ ਜਾਂਦਾ ਹੈ, ਪ੍ਰੰਤੂ ਸਰਵੇਖਣਾਂ ਨੇ ਇਹ ਸਾਬਤ ਕੀਤਾ ਹੈ ਕਿ 90 ਫੀਸਦੀ ਤੋਂ ਵੱਧ ਕੈਦੀ ਸੁਧਰਦੇ ਨਹੀਂ ਅਤੇ ਦੁਬਾਰਾ ਜੇਲ੍ਹ ਵਿੱਚ ਜਾਂਦੇ ਹਨ। ਅਮਰੀਕਾ ਵਿੱਚ ਵਕੀਲਾਂ ਦਾ ਅਤੇ ਵਿਵਸਥਾ ਦਾ ਸਾਰਾ ਜ਼ੋਰ-ਸ਼ੋਰ ਪੈਸੇ ਨਾਲ ਸਬੰਧਿਤ ਮੁਕੱਦਮਿਆਂ ਵੱਲ ਲੱਗਾ ਰਹਿੰਦਾ ਹੈ। ਉਦਾਹਰਣ ਵੱਜੋਂ ਇਹ ਸਮਝਿਆ ਜਾਂਦਾ ਹੈ ਕਿ ਡਾਕਟਰਾਂ ਕੋਲ ਬਹੁਤ ਪੈਸੇ ਹਨ। ਇਸ ਲਈ ਬਹੁਤ ਸਾਰੇ ਮੁਕੱਦਮੇ ਡਾਕਟਰਾਂ 'ਤੇ ਹੁੰਦੇ ਹਨ। ਮੇਰਾ ਅੰਦਾਜ਼ਾ ਹੈ ਕਿ ਅਮਰੀਕਾ ਵਿੱਚ ਡਾਕਟਰਾਂ 'ਤੇ ਇੰਨੇ ਮੁਕੱਦਮੇ ਕੀਤੇ ਜਾਂਦੇ ਹਨ, ਜਿੰਨੇ ਬਾਕੀ ਸਾਰੇ ਸੰਸਾਰ ਵਿੱਚ ਨਹੀਂ ਹੁੰਦੇ, ਜਦੋਂਕਿ ਅਮਰੀਕਾ ਦੀ ਅਬਾਦੀ ਸੰਸਾਰ ਦੀ ਕੁੱਲ ਅਬਾਦੀ ਦਾ ਲੱਗਭੱਗ 5 ਫੀਸਦੀ ਹੈ। ਇਸੇ ਤਰ੍ਹਾਂ 50 ਫੀਸਦੀ ਤੋਂ ਵੱਧ ਵਿਆਹਾਂ ਦਾ ਅੰਤ ਤਲਾਕ ਨਿਕਲਦਾ ਹੈ, ਜਿੱਥੇ ਤਲਾਕ ਦੇ ਨਾਲ ਪੈਸਾ ਜੁੜਿਆ ਹੁੰਦਾ ਹੈ, ਉੱਥੇ ਇਨ੍ਹਾਂ ਤਲਾਕਾਂ ਨਾਲ ਬਹੁਤ ਮੁਕੱਦਮੇਬਾਜ਼ੀ ਜੁੜ ਜਾਂਦੀ ਹੈ।

ਬਹੁਤ ਸਾਲ ਪਹਿਲਾਂ ਜਦੋਂ ਮੈਂ ਨਵਾਂ-ਨਵਾਂ ਅਮਰੀਕਾ ਵਿੱਚ ਆਇਆ ਤਾਂ ਮੈਂ ਫਿਲੈਡਲਫੀਆ ਦੇ ਇੱਕ ਹਸਪਤਾਲ ਵਿੱਚ ਟਰੇਨਿੰਗ ਕਰ ਰਿਹਾ ਸੀ। ਇੱਕ ਬਹੁਤ ਸੋਹਣੀ ਕੁੜੀ ਨਰਸ ਏਡ (ਸਹਾਇਕ ਨਰਸ) ਦਾ ਕੰਮ ਕਰਦੀ ਸੀ, ਉਸ ਦੇ ਤਿੰਨ ਛੋਟੇ-ਛੋਟੇ ਬੱਚੇ ਸਨ। ਉਹ ਵਿਚਾਰੀ ਬਹੁਤ ਹੀ ਗਰੀਬੀ ਦੀ ਹਾਲਤ ਵਿੱਚ ਰਹਿ ਰਹੀ ਸੀ। ਉਸ ਨੇ ਮੈਨੂੰ ਦੱਸਿਆ ਕਿ ਉਸ ਦਾ ਪਤੀ ਉਨ੍ਹਾਂ ਨੂੰ ਛੱਡ ਕੇ ਨਾਲ ਲੱਗਦੀ ਸਟੇਟ ਨਿਊਜਰਸੀ ਵਿੱਚ ਚੱਲਾ ਗਿਆ ਹੈ। ਜੇ ਕੋਈ ਦੂਜੀ ਸਟੇਟ ਵਿੱਚ ਚੱਲਾ ਜਾਵੇ ਤਾਂ ਉਸ ਕੋਲੋਂ ਬੱਚਿਆਂ ਲਈ ਮਾਲੀ ਸਹਾਇਤਾ ਲੈਣਾ ਮੁਸ਼ਕਲ ਹੋ ਜਾਂਦਾ ਹੈ। ਮੈਂ ਕਿਹਾ ਕਿ ਤੂੰ ਕਿਸੇ ਵਕੀਲ ਨਾਲ ਗੱਲ ਕਿਉਂ ਨਹੀਂ ਕਰਦੀ। ਉਸ ਨੇ ਕਿਹਾ ਕਿ ਮੇਰੇ ਘਰਵਾਲੇ ਕੋਲ ਕੋਈ ਪੈਸਾ ਨਹੀਂ। ਜੇ ਘਰਵਾਲੇ ਕੋਲ ਪੈਸੇ ਨਾ ਹੋਣ ਤਾਂ ਵਕੀਲਾਂ ਦੀ ਉਹ ਕੇਸ ਲੈਣ ਵਿੱਚ ਕੋਈ ਦਿਲਚਸਪੀ ਨਹੀਂ ਹੁੰਦੀ। ਜੇ ਪਤੀ ਅਮੀਰ ਹੋਵੇ ਤਾਂ ਵਕੀਲ ਪਤਨੀ ਨੂੰ ਕਹਿੰਦੇ ਹਨ ਕਿ ਯਾਦ ਕਰ ਕਦੀ ਉਹ ਕੌੜਾ ਬੋਲਿਆ ਸੀ। ਅਸੀਂ ਉਸ ਲਈ ਵੀ ਤੈਨੂੰ ਕੀਮਤ ਦਿਵਾਵਾਂਗ, ਪ੍ਰੰਤੂ ਜੇ ਕੋਈ ਗਰੀਬ ਔਰਤ ਨੂੰ ਗਰੀਬ ਪਤੀ ਨੇ ਕੁੱਟ-ਕੁੱਟ ਕੇ ਲਾਸਾਂ ਪਾ ਦਿੱਤੀਆਂ ਹੋਣ ਤਾਂ ਵੀ ਵਕੀਲਾਂ ਦੀ ਜ਼ਮੀਰ ਤੇ ਅਸਰ ਹੋਣ ਦੀ ਬਹੁਤ ਘੱਟ ਸੰਭਾਵਨਾ ਹੈ।

ਅਮਰੀਕਾ ਦੀ ਕੌੜੀ ਸੱਚਾਈ ਤਾਂ ਇਹ ਹੈ ਕਿ ਬਹੁਤ ਸਾਰੇ ਫੌਜਦਾਰੀ ਮੁਕੱਦਮੇ ਗਰੀਬ ਤੇ ਘੱਟ ਗਿਣਤੀਆਂ ਨਾਲ ਸਬੰਧਿਤ ਹੁੰਦੇ ਹਨ। ਇਨ੍ਹਾਂ ਮੁਕੱਦਮਿਆਂ ਨੂੰ ਲੜਨ ਲਈ ਨਾ ਹੀ ਵਕੀਲਾਂ ਨੂੰ ਅਤੇ ਨਾ ਹੀ ਵਿਵਸਥਾ ਨੂੰ ਕੋਈ ਦਿਲਚਸਪੀ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮੁਕੱਦਮੇ ਚਲਾਏ ਹੀ ਨਹੀਂ ਜਾਂਦੇ ਅਤੇ ਉਨ੍ਹਾਂ ਨੂੰ ਪਈ ਬਾਰਗਨਿੰਗ (ਇੱਕ ਤਰ੍ਹਾਂ ਦਾ ਸਮਝੌਤਾ) ਦੁਆਰਾ ਹੱਲ ਕਰ ਦਿੱਤਾ ਜਾਂਦਾ ਹੈ, ਅਕਸਰ ਜੋ ਗੁਨਾਹ ਕਿਸੇ ਨੇ ਕੀਤਾ ਹੁੰਦਾ ਹੈ, ਉਸ ਨੂੰ ਕਿਹਾ ਜਾਂਦਾ ਹੈ ਕਿ ਤੂੰ ਉਸ ਤੋਂ ਛੋਟਾ ਗੁਨਾਹ ਕਬੂਲ ਕਰ ਲੈ ਤੇ ਤੈਨੂੰ ਜਿੰਨੀ ਸਜ਼ਾ ਬਣਦੀ ਹੈ ਉਸ ਤੋਂ ਘੱਟ ਦਿੱਤੀ ਜਾਵੇਗੀ। ਇਸ ਤ੍ਹਾਂ ਬਹੁਤ ਹੀ ਘੱਟ ਵਾਰੀ ਇਨਸਾਫ ਹੁੰਦਾ ਹੈ। ਜਿਸ ਕਾਲੇ ਨੇ ਗੋਰੇ ਪੁਲਿਸ ਵਾਲੇ ਮਾਰੇ ਅਤੇ ਆਪ ਮਾਰਿਆ ਗਿਆ। ਉਸਦੀ ਕਾਹਲੀ ਵੀ ਇਹੋ ਜਿਹੀ ਹੈ। ਉਹ 18 ਸਾਲ ਦੀ ਉਮਰ ਤੋਂ ਹੀ ਗੁਨਾਹ ਤੇ ਜੇਲ੍ਹਾਂ ਜੀਵਨੀਆਂ ਵਿੱਚ ਸ਼ਾਮਲ ਸੀ ਨਾ ਤਾਂ ਉਸ ਨੂੰ ਸੁਧਾਰਿਆ ਜਾ ਸਕਿਆ ਅਤੇ ਨਾ ਹੀ ਹੋਰ ਗੁਨਾਹ ਕਰਨ ਤੋਂ ਰੋਕਿਆ ਜਾ ਸਕਿਆ। ਇਸ ਦੁਖਾਂਤ ਨਾਲ ਅਮਰੀਕਾ ਵਿੱਚ ਇਹ ਮਾੜੀ ਸਥਿਤੀ ਸੁਧਰਨ ਦੀ ਕੋਈ ਉਮੀਦ ਨਹੀਂ, ਸਗੋਂ ਪੁਲਿਸ ਅਤੇ ਘੱਟ

# ਫਲਦਾਰ ਬੂਟਿਆਂ ਵਿੱਚ ਪਾਣੀ ਦੀ ਸੁਚੱਜੀ ਵਰਤੋਂ

ਪਾਣੀ ਸਾਡੀ ਜ਼ਿੰਦਗੀ ਦਾ ਇੱਕ ਵੱਡਮੁੱਲਾ ਅੰਸ਼ ਹੈ। ਜਿਸ ਤਰ੍ਹਾਂ ਜਿਉਂਦੇ ਰਹਿਣ ਲਈ ਮਨੁੱਖ ਨੂੰ ਪਾਣੀ ਦੀ ਜ਼ਰੂਰਤ ਹੈ। ਬਿਲਕੁਲ ਉਸੇ ਤਰ੍ਹਾਂ ਪੌਦਿਆਂ ਦੇ ਵਿਕਾਸ ਵਿੱਚ ਵੀ ਪਾਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਫਲਦਾਰ ਬੂਟਿਆਂ ਵਿੱਚ ਇਸ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ, ਕਿਉਂਕਿ ਚੰਗਾ ਅਤੇ ਮਿਆਰੀ ਫਲ ਲੈਣ ਲਈ ਬਾਗਾਂ ਦੀ ਸਿੰਚਾਈ ਦਾ ਸੁਚੱਜਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੈ। ਜੇਕਰ ਫਲ ਦਿੰਦੇ ਬਾਗਾਂ ਵਿੱਚ ਪਾਣੀ ਦੀ ਘਾਟ ਆ ਜਾਵੇ ਤਾਂ ਫੁੱਲ ਘੱਟ ਖਿੜਦੇ ਹਨ ਅਤੇ ਫਲ ਪੈਣ ਤੇ ਵੀ ਮਾੜਾ ਅਸਰ ਹੁੰਦਾ ਹੈ, ਪੱਤੇ ਮੁਰਝਾ ਕੇ ਲੜਨ ਲੱਗ ਜਾਂਦੇ ਹਨ ਅਤੇ ਫਲਾਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਇਸ ਦੇ ਨਤੀਜੇ ਵੱਜੋਂ ਝਾੜ ਘੱਟ ਜਾਂਦਾ ਹੈ ਅਤੇ ਆਰਥਿਕ ਨੁਕਸਾਨ ਹੁੰਦਾ ਹੈ। ਜੇਕਰ ਬਾਗਾਂ ਨੂੰ ਲੋੜ ਤੋਂ ਜ਼ਿਆਦਾ ਪਾਣੀ ਲੱਗ ਜਾਵੇ ਤਾਂ ਇਸ ਨਾਲ ਬੂਟਿਆਂ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ, ਜਿਵੇਂ ਕਿ ਕਿੰਨੂ ਵਿੱਚ ਪੈਰ ਗਲਣ ਦਾ ਰੋਗ। ਜੇ ਬਾਗ ਨੂੰ ਪਾਣੀ ਖੁੱਲ੍ਹੇ ਕਿਆਰਿਆਂ ਰਾਹੀਂ ਦਿੱਤਾ ਜਾਵੇ ਤਾਂ ਇਹ ਰੋਗ ਜਲਦੀ ਫੈਲਦਾ ਹੈ ਅਤੇ ਬਾਗ ਤਬਾਹ ਕਰ ਦਿੰਦਾ ਹੈ। ਇਸ ਲਈ ਬਾਗਾਂ ਦਾ ਯੋਗ ਸਿੰਚਾਈ ਪ੍ਰਬੰਧ ਹੋਣਾ ਬਹੁਤ ਜਰੂਰੀ ਹੈ।

ਫਲ ਦਿੰਦੇ ਬਾਗਾਂ ਲਈ ਸਿੰਚਾਈ ਦਾ ਪ੍ਰਬੰਧ-

ਨਿੰਬੂ ਜਾਤੀ ਦੇ ਬੂਟੇ-ਕਿਸਾਨ ਵੀਰੋ, ਨਿੰਬੂ ਜਾਤੀ ਦੇ ਬੂਟਿਆਂ ਨੂੰ ਫਰਵਰੀ ਵਿੱਚ ਕਰੂੰਬਲਾਂ ਫੁੱਟਣ ਤੋਂ ਪਹਿਲਾਂ, ਅਪ੍ਰੈਲ ਵਿੱਚ ਫਲ ਲੱਗਣ ਤੋਂ ਬਾਅਦ ਅਤੇ ਗਰਮੀ ਵਿੱਚ ਪਾਣੀ ਲਾਉਣਾ ਅਤਿ ਜ਼ਰੂਰੀ ਹੈ।

ਅਮਰੂਦ-ਫਲ ਦਿੰਦੇ ਬਾਗਾਂ ਨੂੰ ਚੰਗਾ ਫੁੱਲ ਪੈਣ ਅਤੇ ਫਲ ਲੱਗਣ ਵਾਸਤੇ ਗਰਮੀਆਂ ਵਿੱਚ 2-3 ਹਫਤੇ ਬਾਅਦ ਅਤੇ ਸਰਦੀਆਂ ਵਿੱਚ ਇੱਕ ਮਹੀਨੇ ਦੇ ਵਕਫੇ 'ਤੇ ਪਾਣੀ ਦੇਣਾ ਚਾਹੀਦਾ ਹੈ। ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਫੁੱਲਾਂ ਵੇਲੇ ਭਰਵੀਂ ਸਿੰਚਾਈ ਨਾ ਕਰਨ ਕਿਉਂਕਿ ਇਸ ਨਾਲ ਫੁੱਲ ਝੜ ਜਾਂਦੇ ਹਨ।

ਬੇਰ-ਫਲਾਂ ਦੇ ਵਾਧੇ ਵੇਲੇ ਅਕਤੂਬਰ ਤੋਂ ਫਰਵਰੀ ਤੱਕ ਬੂਟਿਆਂ ਨੂੰ 3 ਜਾਂ 4 ਹਫਤਿਆਂ ਦੇ ਵਕਫੇ 'ਤੇ ਪਾਣੀ ਦੇਣਾ ਚਾਹੀਦਾ ਹੈ। ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਮਾਰਚ ਦੇ ਦੂਜੇ ਪੰਦਰਵਾੜੇ ਪਾਣੀ ਦੇਣਾ ਬੰਦ ਕਰ ਦਿਓ ਕਿਉਂਕਿ ਇਸ ਤਰ੍ਹਾਂ ਨਾ ਕਰਨ ਤੇ ਜ਼ਮੀਨ 'ਤੇ ਵਿੱਛੀਆਂ ਟਾਹਣੀਆਂ ਦਾ ਫਲ ਖਰਾਬ ਹੋ ਜਾਵੇਗਾ ਅਤੇ ਫਲ ਦੇਰ ਨਾਲ ਪੱਕਣਗੇ।



ਅੰਬ-ਫਲ ਦੇ ਵਾਧੇ ਸਮੇਂ ਮਾਰਚ ਤੋਂ ਜੂਨ ਦੇ ਅਖੀਰ ਤੱਕ 10-12 ਦਿਨਾਂ ਬਾਅਦ ਪਾਣੀ ਦਿਓ। ਫਰਵਰੀ ਮਹੀਨੇ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ ਕੀਤੀ ਖਾਦ ਪਾ ਕੇ ਇੱਕ ਪਾਣੀ ਦਿਓ।

ਨਾਖ-ਗਰਮੀਆਂ ਵਿੱਚ 5-7 ਦਿਨ ਦੇ ਵਕਫੇ ਅਤੇ ਅਗਸਤ-ਸਤੰਬਰ ਵਿੱਚ 15 ਦਿਨ ਦੇ ਵਕਫੇ 'ਤੇ ਪਾਣੀ ਲਾਓ।

ਆੜੂ-ਆੜੂ ਦੀਆਂ ਜਲਦੀ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪ੍ਰਤਾਪ, ਫਲੋਰਡਾਪ੍ਰਿੰਸ, ਅਰਲੀ ਗਰੈਂਡ ਅਤੇ ਸ਼ਾਨ-ਏ-ਪੰਜਾਬ ਨੂੰ ਮਾਰਚ ਦੇ ਅਖੀਰਲੇ ਹਫਤੇ ਤੋਂ ਪੱਕਣ ਤੱਕ ਇੱਕ ਹਫਤੇ ਦੇ ਵਕਫੇ 'ਤੇ ਪਾਣੀ ਲਾਓ, ਜਦਕਿ ਖੁਰਮਾਨੀ ਅਤੇ ਸ਼ਰਬਤੀ ਕਿਸਮ ਨੂੰ ਕ੍ਰਮਵਾਰ ਮਈ ਤੋਂ ਜੂਨ ਦਾ ਪਹਿਲਾ ਪੰਦਰਵਾੜਾ ਅਤੇ ਮਈ ਅੰਤ ਤੋਂ ਜੂਨ ਤੱਕ ਪਾਣੀ ਜਰੂਰ ਲਾਓ।

ਅਲੂਚਾ-ਅਲੂਚੇ ਨੂੰ ਫਲ ਲੱਗਣ ਉਪਰੰਤ ਪੱਕਣ ਤੱਕ ਸਿੰਚਾਈ 4-5 ਦਿਨਾਂ ਪਿੱਛੋਂ ਕਰੋ। ਬੂਟਿਆਂ ਨੂੰ ਜੂਨ ਵਿੱਚ 6-7 ਦਿਨਾਂ ਮਗਰੋਂ ਸਿੰਚਾਈ ਕਰੋ। ਸਤੰਬਰ-ਅਕਤੂਬਰ ਵਿੱਚ ਹਰ ਹਫਤੇ ਅਤੇ ਨਵੰਬਰ ਵਿੱਚ 2 ਹਫਤਿਆਂ ਮਗਰੋਂ ਸਿਚਾਈ ਕਰੋ। ਦਸੰਬਰ-ਜਨਵਰੀ ਵਿੱਚ ਕਾਂਟ-ਛਾਂਟ ਕਰਨ ਮਗਰੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਸ਼ ਖਾਦਾਂ ਪਾ ਕੇ ਭਰਵੀਂ ਸਿੰਚਾਈ ਕਰੋ।

ਅੰਗੂਰ-ਅੰਗੂਰਾਂ ਦੇ ਸਹੀ ਵਾਧੇ ਲਈ ਕਾਂਟ-ਛਾਂਟ ਤੋਂ ਬਾਅਦ ਫਰਵਰੀ ਦੇ ਪਹਿਲੇ ਪੰਦਰਵਾੜੇ ਅਤੇ ਮਾਰਚ ਦੇ ਪਹਿਲੇ ਹਫਤੇ ਪਾਣੀ ਦਿਓ। ਅਪ੍ਰੈਲ ਵਿੱਚ ਫਲ ਲੱਗਣ ਤੋਂ ਬਾਅਦ ਮਈ ਦੇ ਪਹਿਲੇ ਹਫਕੇ ਤੱਕ ਹਰ ਦੱਸ ਦਿਨਾਂ ਪਿੱਛੋਂ ਪਾਣੀ ਦੇਣਾ ਚਾਹੀਦਾ ਹੈ। ਬਾਕੀ ਸਾਰੀ ਮਈ ਹਰ ਹਫਤੇ ਪਾਣੀ ਦੇਣਾ ਚਾਹੀਦਾ ਹੈ। ਜੂਨ ਦੇ ਮਹੀਨੇ 3-4 ਦਿਨ ਬਾਅਦ ਅਤੇ ਜੁਲਾਈ ਤੋਂ ਅਕਤੂਬਰ ਲੋੜ ਅਨੁਸਾਰ ਪਾਣੀ ਦਿਓ। ਜੇ ਨਵੰਬਰ ਤੋਂ ਜਨਵਰੀ ਮਹੀਨੇ ਵਿੱਚ ਜ਼ਮੀਨ ਸੁੱਕਦੀ ਲੱਗੇ ਤਾਂ ਇੱਕ ਪਾਣੀ ਦਿਓ।

ਲੀਚੀ-ਲੀਚੀ ਦੇ ਬਾਗਾਂ ਨੂੰ ਮਈ ਦੇ ਦੂਜੇ ਹਫਤੇ ਤੋਂ ਜੂਨ ਦੇ ਮਹੀਨੇ ਤੱਕ ਸਹੀ ਮਾਤਰਾ ਵਿੱਚ ਪਾਣੀ ਲੱਗਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਸਮੇਂ ਫਲਾਂ ਵਿੱਚ ਯੋਗ ਵਾਧਾ ਹੁੰਦਾ ਹੈ। ਜੇਕਰ ਪਾਣੀ ਦੀ ਘਾਟ ਤੋਂ ਬਾਅਦ ਇੱਕਦਮ ਭਰਵੀਂ ਸਿੰਚਾਈ ਕਰ ਦਿੱਤੀ ਜਾਵੇ ਤਾਂ ਫਲਾਂ ਦਾ ਫੱਟਣਾ ਵੱਧ ਜਾਂਦਾ ਹੈ, ਕਿਉਂਕਿ ਫਲ ਦਾ ਅੰਦਰਲਾ ਗੁੱਦਾ ਇੱਕਦਮ ਪਾਣੀ ਮਿਲਣ ਨਾਲ ਜਲਦੀ ਵੱਧਦਾ ਹੈ, ਪਰ ਫਲ ਦੀ ਛਿੱਲ ਦਾ ਵਾਧਾ ਓਨੀ ਤੇਜ਼ੀ ਨਾਲ ਨਹੀਂ ਹੁੰਦਾ ਅਤੇ ਨਤੀਜੇ ਵੱਜੋਂ, ਫਲ ਫੱਟ ਜਾਂਦੇ ਹਨ। ਇਸ ਸਮੱਸਿਆ ਨੂੰ ਘੱਟ ਕਰਨ ਲਈ ਬਾਗ ਨੂੰ ਹਫਤੇ ਵਿੱਚ ਦੋ ਵਾਰ ਪਾਣੀ ਲਾਓ।

ਸਾਲ ਦੇ ਕੁੱਝ ਮਹੀਨਿਆਂ ਦੌਰਾਨ ਫਲਦਾਰ ਬੂਟਿਆਂ ਨੂੰ ਪਾਣੀ ਲਾਉਣ ਦੀ ਬਿਲਕੁਲ ਜ਼ਰੂਰਤ ਨਹੀਂ ਹੁੰਦੀ ਜਾਂ ਨਾ ਦੇ ਬਰਾਬਰ ਹੁੰਦੀ ਹੈ। ਇਸ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ-

ਫਲਦਾਰ ਬੂਟਾ ਅੰਬ, ਅਮਰੂਦ, ਬੇਰ, ਅਨਾਰ, ਅੰਗੂਰ, ਨਾਖ

ਮਹੀਨਾ-ਅਕਤੂਬਰ ਤੋਂ ਦਸੰਬਰ, ਅਪ੍ਰੈਲ ਤੋਂ ਮਈ, ਅਪ੍ਰੈਲ ਤੋਂ ਅਗਸਤ, ਅਗਸਤ ਤੋਂ ਅਕਤੂਬਰ, ਅਗਸਤ ਤੋਂ ਜਨਵਰੀ, ਅਗਸਤ ਤੋਂ ਜਨਵਰੀ। ਇਸ ਤਰ੍ਹਾਂ ਸਹੀ ਸਮੇਂ 'ਤੇ ਪਾਣੀ ਦਾ ਉੱਚਿਤ ਪ੍ਰਬੰਧ ਕਰਕੇ ਅਸੀਂ ਆਪਣੇ ਬਾਗਾਂ ਦਾ ਝਾੜ ਅਤੇ ਫਲਾਂ ਦਾ ਮਿਆਰ ਵਧਾ ਸਕਦੇ ਹਾਂ।

*ਮੋਨਿਕਾ ਗੁਪਤਾ, ਦਵਿੰਦਰ ਸਿੰਘ ਮੰਡ, ਹਰਮਿੰਦਰ ਕੌਰ*
*ਫਾਰਮ ਸਲਾਹਕਾਰ ਸੇਵਾ ਫਿਰੋਜ਼ਪੁਰ, ਬਾਗਬਾਨੀ*
*ਵਿਭਾਗ ਪੰ.ਖੇਤੀ.ਯੂ. ਲੁਧਿਆਣਾ*